Last Update: 26th August 2026
Jasdip Singh

<table>
<tr><td colspan="2"><u>Pothi Seva Sambhal-Nama</u></td><td><u>ਪੋਥੀ ਸੇਵਾ ਸੰਭਾਲ-ਨਾਮਾ</u></td></tr>
<tr><td colspan="3">ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਬਿਖੈ ਪੈ ਪਾਹੁਨਾ ਕੈ ਆਏ ਪੂਰੀ ਕੈ ਖੁਵਾਇ ਖਾਈਐ ॥<br>Just as flour, sugar and oil are kept at home, and on arrival of some guests, sweet dishes are prepared, served and eaten.<br><br>ਜੈਸੇ ਚੀਰ ਹਾਰ ਮੁਕਤਾ ਕਨਕ ਆਭਰਨ ਪੈ ਬਜਜਾਹੁ ਕਾਜ ਸਾਜਿ ਤਨ ਸੁਜਨ ਦਿਖਾਈਐ ॥<br>Just as beautiful dresses, pearl necklace and gold jewellery are in possession but are worn on special occasions like marriage and are shown to others.<br><br>ਜੈਸੇ ਹੀਰਾ ਮਾਨਿਕ ਅਮੋਲ ਹੋਤ ਹਾਟ ਹੀ ਮੈਂ ਗਾਹ ਕੈ ਦਿਖਾਇ ਬਿੜਤਾ ਬਿਸੇਖ ਪਾਈਐ ॥<br>Just as valuable pearls and jewels are kept in the shop, but the shopkeeper shows them to the customer to sell and earn profit.<br><br>ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ ਮਿਲ ਗੁਰਸਿੱਖ ਪੜਿ ਸੁਨਿ ਲਿਵ ਲਾਈਐ ॥੫੬੨॥<br>Similarly Gurbani is written in a book form, it is bound and preserved. But when the Sikhs of Guru assemble in a congregation, that book is read and heard and it helps one attach the mind in the holy feet of the Lord.</td></tr>
<tr><td>1</td><td>Key Terms<br>1. ‘Pothi Seva’ refers to any aspect of caring for Pothi Sahibs[1] in the broadest sense. This type of Seva dates back to the time of Guru Nanak Dev Ji as there were traditions of care connected to the earliest Gurbani Pothi Sahibs. The use of fabric wrappings, cushions, wooden supports are all practices which were important practices in the earliest Sikh Dharamshalas. In fact, in all ancient traditions of sacred book creation, there are traditions and practices designed to protect sacred books from damage.</td><td><u>ਮੁਢਲੀ ਸ਼ਬਦਾਵਲੀ</u><br>1. 'ਪੋਥੀ ਸੇਵਾ' ਵਿਆਪਕ ਅਰਥਾਂ ਵਿੱਚ ਪੋਥੀ ਸਾਹਿਬਾਂ[2] ਦੀ ਦੇਖਭਾਲ ਦੇ ਕਿਸੇ ਵੀ ਪਹਿਲੂ ਨੂੰ ਦਰਸਾਉਂਦੀ ਹੈ। ਇਹ ਤਰ੍ਹਾਂ ਦੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਮੌਜੂਦ ਸੀ ਕਿਉਂਕਿ ਪਹਿਲਾਂ ਤੋਂ ਹੀ ਗੁਰਬਾਣੀ ਦੀਆਂ ਆਦਿ ਪੋਥੀਆਂ ਦੀ ਸੰਭਾਲ ਨਾਲ ਸੰਬੰਧਿਤ ਪਰੰਪਰਾਵਾਂ ਸਨ।  ਰੁਮਾਲਿਆਂ ਨਾਲ ਲਪੇਟਣਾ, ਗੱਦੀਆਂ ਦੀ ਵਰਤੋਂ, ਰਹਿਲਾਂ ਦੇ ਸਹਾਰੇ ਦੀ ਵਰਤੋਂ, ਇਸ ਤੋਂ ਸਿੱਧ ਹੁੰਦਾ ਹੈ ਕਿ ਪੋਥੀ ਸਾਹਿਬਾਂ ਦੀ ਸੰਭਾਲ ਆਦਿ ਸਿੱਖ ਧਰਮਸ਼ਾਲਾਵਾਂ</td></tr>
</table>

[1] Please note, for simplicity the word ‘Pothi Sahib’ is used generically in the text below but this label can also be extended to Sri Guru Granth Sahibs or any other Granth Sahibs.

[2] ਕਿਰਪਾ ਕਰਕੇ ਨੋਟ ਕਰੋ, ਸਰਲਤਾ ਲਈ 'ਪੋਥੀ ਸਾਹਿਬ' ਸ਼ਬਦ ਹੇਠਾਂ ਦਿੱਤੇ ਪਾਠ ਵਿੱਚ ਆਮ ਤੌਰ 'ਤੇ ਵਰਤਿਆ ਗਿਆ ਹੈ ਪਰ ਇਸ ਲੇਬਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਕਿਸੇ ਹੋਰ ਗ੍ਰੰਥ ਸਾਹਿਬ ਦੇ ਸੰਧਰਭ ਤੱਕ ਵੀ ਵਧਾਇਆ ਜਾ ਸਕਦਾ ਹੈ।

2. 'Pothi Sambhal Seva' refers to the techniques and methods used in the physical care of Pothi Sahibs.

3. Pothi Seva undertakes the Sambhal Seva of any Gurmukhi Pothi or non-Gurmukhi Pothi, although primacy is given to Gurbani and other texts from Sikh literature. Whilst the word 'Pothi' may refer to any text, it is generally associated directly or indirectly with the Sikh tradition. The appellation 'Sahib' is generally used for those containing Gurbani or texts closely connected to Gurbani. Other Gurmukhi or non-Gurmukhi books which have less of a connection to Sikh tradition are also repaired, but are less of a priority.

4. A 'Sambhal Sevadar' is a person who repairs and maintains any type of Virasat (heritage). A 'Pothi Sambhal Sevadar' is a person who repairs and undertakes the wider care of Pothi Sahibs. If they receive any payment for this service, they can still be called a 'Sevadar'.

5. A 'Sambhal Seva Asthan' refers to any location where Sambhal Seva is carried out on a regular basis.

ਵਿਚ ਇਕ ਜ਼ਰੂਰੀ ਕਿਰਿਆ ਸੀ। ਅਸਲ ਵਿੱਚ, ਧਾਰਮਿਕ ਪੁਸਤਕਾਂ ਦੀ ਰਚਨਾ ਦੀਆਂ ਸਾਰੀਆਂ ਪ੍ਰਾਚੀਨ ਪਰੰਪਰਾਵਾਂ ਵਿੱਚ, ਅਜਿਹੀਆਂ ਪਰੰਪਰਾਵਾਂ ਅਤੇ ਪ੍ਰਥਾਵਾਂ ਹਨ ਜੋ ਉਨ੍ਹਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਹਨ।

2. 'ਪੋਥੀ ਸੰਭਾਲ ਸੇਵਾ' ਪੋਥੀ ਸਾਹਿਬਾਂ ਦੀ ਭੌਤਿਕ ਸੰਭਾਲ ਵਿੱਚ ਵਰਤੀਆਂ ਜਾਂਦੀਆਂ ਤਕਨੀਕਾਂ ਅਤੇ ਤਰੀਕਿਆਂ ਨੂੰ ਦਰਸਾਉਂਦੀ ਹੈ।

3. ਪੋਥੀ ਸੇਵਾ ਗੁਰਮੁਖੀ ਪੋਥੀਆਂ ਜਾਂ ਸੰਬੰਧਿਤ ਗੈਰ-ਗੁਰਮੁਖੀ ਪੋਥੀ ਦੀ ਸੰਭਾਲ ਸੇਵਾ ਕਰਦੀ ਹੈ ਪਰ ਗੁਰਬਾਣੀ ਅਤੇ ਸਿੱਖ ਸਾਹਿਤ ਨਾਲ ਸੰਬੰਧਿਤ ਪੋਥੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ। 'ਪੋਥੀ' ਲਫਜ਼ ਕਿਸੇ ਵੀ ਲਿਖਤ ਨੂੰ ਦਰਸਾ ਸਕਦੀ ਹੈ ਜੋ ਕਿ ਆਮ ਤੌਰ 'ਤੇ ਸਿੱਖ ਪਰੰਪਰਾ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸੰਬੰਧ ਰੱਖਦੀ ਹੈ। 'ਸਾਹਿਬ' ਸ਼ਬਦ ਆਮ ਤੌਰ 'ਤੇ ਉਹਨਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚ ਗੁਰਬਾਣੀ ਜਾਂ ਗੁਰਬਾਣੀ ਨਾਲ ਨੇੜਿਓਂ ਜੁੜੀਆਂ ਲਿਖਤਾਂ ਹੁੰਦੀਆਂ ਹਨ। ਹੋਰ ਗੁਰਮੁਖੀ ਜਾਂ ਗੈਰ-ਗੁਰਮੁਖੀ ਪੁਸਤਕਾਂ ਜਿਨ੍ਹਾਂ ਦਾ ਸਿੱਖ ਪਰੰਪਰਾ ਨਾਲ ਘੱਟ ਸਬੰਧ ਹੈ, ਉਨ੍ਹਾਂ ਦੀ ਵੀ ਮੁਰੰਮਤ ਕੀਤੀ ਜਾਂਦੀ ਹੈ ਪਰ ਤਰਜੀਹੀ ਘੱਟ ਹੈ।

4. 'ਸੰਭਾਲ ਸੇਵਾਦਾਰ' ਉਹ ਵਿਅਕਤੀ ਹੁੰਦਾ ਹੈ ਜੋ ਕਿਸੇ ਵੀ ਕਿਸਮ ਦੀ ਵਿਰਾਸਤ (ਵਿਰਾਸਤ) ਦੀ ਮੁਰੰਮਤ ਅਤੇ ਸੰਭਾਲ ਕਰਦਾ ਹੈ। 'ਪੋਥੀ ਸੰਭਾਲ ਸੇਵਾਦਾਰ' ਉਹ ਵਿਅਕਤੀ ਹੁੰਦਾ ਹੈ ਜੋ ਪੋਥੀ ਸਾਹਿਬਾਂ ਦੀ ਮੁਰੰਮਤ ਅਤੇ ਸੰਭਾਲ ਕਰਦਾ ਹੈ।ਜੇ ਤਨਖਾਹ ਮਿਲਦੀ ਹੈ ਤਾਂ ਫਿਰ ਬੀ 'ਸੇਵਾਦਾਰ' ਲਫਜ਼ ਵਰਤਿਆ ਜਾ ਸਕਦਾ ਹੈ।

5. 'ਸੰਭਾਲ ਸੇਵਾ ਅਸਥਾਨ' ਉਹ ਜਗ੍ਹਾ ਹੈ ਹੈ ਜਿੱਥੇ ਸੰਭਾਲ ਸੇਵਾ ਨਿਯਮ ਅਨੁਸਾਰ ਕੀਤੀ ਜਾਂਦੀ ਹੈ।

| | | |
|---|---|---|
| 2. | <u>Sambhal-Seva Philosophy: The Historical Context</u><br>Pothi Seva understands 'Pothi Sambhal Seva' to be an intrinsic part of the Sikh tradition. In various Sikh lineages, there have been various figures recognised for their role in Pothi Sambhal Seva. Up until the early 20th century, there were highly learned individuals from various lineages who would have hand-produced Pothi Sahibs as part of their expertise, and would have undertaken the repairing of Pothi Sahibs. Most of these Gur-Sikhs remained anonymous but their work and devotion can be seen in the thousands of historic Pothi Sahibs with ancient historical repairs. Nonetheless, there are some specific historical Gur-Sikhs who were recognised for their role in the Sambhal Seva of Pothi Sahibs, as listed below:<br><br>1.1. Baba Buddha Ji has been recorded in many historical texts as being the first 'Granthi'[3]. A 'Granthi' is responsible for the physical care of all Pothi Sahibs at an Asthan. To some extent, this is a unique position within the Sikh tradition and it is quite possible that some of the earliest known repairs to the earliest Pothi Sahibs in the Sikh tradition were carried out by Baba Buddha Ji and followed by the tradition of Granthis who were subsequently established after them.<br><br>1.2. Baba Shaam Singh Ji Sevapanthi (1803-1928CE) is well known for their contributions to Raag Kirtan; however, they also made significant contributions to the world of manuscript creation and restoration. Baba Shaam Singh would encourage the Sambhal Seva of Pothi Sahibs and | <u>ਸੰਭਾਲ-ਸੇਵਾ ਫਿਲਾਸਫੀ: ਇਤਿਹਾਸਕ ਪ੍ਰਸੰਗ</u><br>ਪੋਥੀ ਸੇਵਾ 'ਪੋਥੀ ਸੰਭਾਲ ਸੇਵਾ' ਨੂੰ ਸਿੱਖ ਪਰੰਪਰਾ ਦਾ ਅੰਦਰੂਨੀ ਹਿੱਸਾ ਸਮਝਦੀ ਹੈ। ਵੱਖ-ਵੱਖ ਸਿੱਖ ਸੰਪ੍ਰਦਾਵਾਂ ਵਿੱਚ, ਪੋਥੀ ਸੰਭਾਲ ਸੇਵਾ ਵਿੱਚ ਆਪਣੀ ਭੂਮਿਕਾ ਲਈ ਵੱਖ-ਵੱਖ ਸ਼ਖਸੀਅਤਾਂ ਨੂੰ ਮਾਨਤਾ ਦਿੱਤੀ ਗਈ ਹੈ। 20ਵੀਂ ਸਦੀ ਦੇ ਅਰੰਭ ਤੱਕ, ਵੱਖ-ਵੱਖ ਸੰਪ੍ਰਦਾਏ ਦੇ ਵਿਦਵਾਨ ਲੋਕ ਸਨ ਜੋ ਹੱਥਾਂ ਨਾਲ ਪੋਥੀ ਸਾਹਿਬ ਤਿਆਰ ਕਰਦੇ ਸਨ ਅਤੇ, ਆਪਣੀ ਮੁਹਾਰਤ ਦੇ ਹਿੱਸੇ ਵਜੋਂ, ਪੋਥੀ ਸਾਹਿਬਾਂ ਦੀ ਮੁਰੰਮਤ ਕਰਦੇ ਸਨ। ਇਹ ਬਹੁਤੇ ਗੁਰਸਿੱਖ ਗੁਪਤ ਸਨ ਪਰ ਇਹਨਾਂ ਦੀ ਮਿਹਨਤ ਅਤੇ ਸ਼ਰਧਾ ਹਜ਼ਾਰਾਂ ਪੋਥੀ ਸਾਹਿਬਾਂ ਵਿੱਚ ਦੇਖੀ ਜਾ ਸਕਦੀ ਹੈ ਜਿਨ੍ਹਾਂ ਵਿਚ ਪ੍ਰਾਚੀਨ ਮੁਰੰਮਤ ਦੀਆਂ ਨਿਸ਼ਾਨੀਆਂ ਹਨ। ਫਿਰ ਵੀ, ਕੁਝ ਖਾਸ ਇਤਿਹਾਸਕ ਗੁਰ-ਸਿੱਖ ਹਨ ਜੋ ਪੋਥੀ ਸਾਹਿਬਾਂ ਦੀ ਸੰਭਾਲ ਸੇਵਾ ਵਿੱਚ ਆਪਣੀ ਭੂਮਿਕਾ ਲਈ ਜਾਣੇ ਜਾਂਦੇ ਸਨ, ਜੋ ਹੇਠਾਂ ਸੂਚੀਬੱਧ ਹਨ:<br><br>1.1. ਬਾਬਾ ਬੁੱਢਾ ਜੀ ਨੂੰ ਕਈ ਇਤਿਹਾਸਕ ਗ੍ਰੰਥਾਂ ਵਿੱਚ ਪਹਿਲੇ 'ਗ੍ਰੰਥੀ'[4] ਵਜੋਂ ਦਰਜ ਕੀਤਾ ਗਿਆ ਹੈ। 'ਗ੍ਰੰਥੀ' ਅਸਥਾਨ ਵਿੱਚ ਸੁਰੱਖਿਅਤ ਸਮੁੱਚੇ ਪੋਥੀ ਸਾਹਿਬਾਨ ਦੀ ਦੇਖਭਾਲ ਲਈ ਜ਼ਿੰਮੇਵਾਰ ਹੁੰਦਾ ਹੈ। ਕੁਝ ਹੱਦ ਤੱਕ, ਇਹ ਸਿੱਖ ਪਰੰਪਰਾ ਦੇ ਅੰਦਰ ਇੱਕ ਵਿਲੱਖਣ ਸਥਿਤੀ ਹੈ ਅਤੇ ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਸਿੱਖ ਪਰੰਪਰਾ ਵਿੱਚ ਸਭ ਤੋਂ ਪੁਰਾਣੀਆਂ ਪੋਥੀ ਸਾਹਿਬਾਨਾਂ ਦੀ ਮੁਰੰਮਤ ਬਾਬਾ ਬੁੱਢਾ ਜੀ ਦੁਆਰਾ ਅਤੇ ਗ੍ਰੰਥੀਆਂ ਦੀ ਪਰੰਪਰਾ ਦੁਆਰਾ ਕੀਤੀ ਗਈ ਹੋਵੇਗੀ ਜਿਹੜੀ ਉਨ੍ਹਾ ਤੋ ਬਾਅਦ ਸਥਾਪਤ ਹੋਈ ਸੀ। |

[3] It is important to recognise that in the present day the definition of a Granthi is not as clear and the term 'Giani' is sometimes used. It would perhaps be better to revert to a more historically accurate definition of the term 'Granthi'.

[4] ਇਹ ਸਮਝਣਾ ਜ਼ਰੂਰੀ ਹੈ ਕਿ ਅਜੋਕੇ ਸਮੇਂ ਵਿੱਚ ਗ੍ਰੰਥੀ ਦੀ ਪਰਿਭਾਸ਼ਾ ਓਨੀ ਸਪੱਸ਼ਟ ਨਹੀਂ ਹੈ ਅਤੇ ਕਈ ਵਾਰ 'ਗਿਆਨੀ' ਸ਼ਬਦ ਵੀ ਵਰਤਿਆ ਜਾਂਦਾ ਹੈ। 'ਗ੍ਰੰਥੀ' ਸ਼ਬਦ ਦੀ ਇਤਿਹਾਸਕ ਤੌਰ 'ਤੇ ਸਹੀ ਪਰਿਭਾਸ਼ਾ ਵੱਲ ਮੁੜਨਾ ਸ਼ਾਇਦ ਬਿਹਤਰ ਹੋਵੇਗਾ।

there are many documented examples of these achievements from their life. A small number of anecdotes below are taken from Sant Gatha (originally written by Major Prem Singh) as well as Baba Shaam Singh Ji (by Daljit Singh Bedi) :

1.2.1. 'At one time the 'Jild' (cover) of Sri Guru Granth Sahib Ji became damaged. Seeing this, Baba Ji took the manuscript to a famed Muslim bookbinder. The whole time that the Sri Guru Granth Sahib Ji manuscript was being repaired by the bookbinder, Baba ji would visit the place and offer a garland of flowers for Guru Sahib daily.'

1.2.2. 'When Baba Ji would go and visit different Gurdwaras he would keep a few things in mind. One point he would always keep in mind was that whenever he saw that a Sri Guru Granth Sahib Ji manuscript had become damaged, he would firstly explain to the Granthis to get the manuscript repaired. He would then make the Granthis promise that they would get Sri Guru Granth Sahib Ji's Jild (cover) repaired by a skilled bookbinder. If it was needed, they would also give money towards this cause.'

1.2.3. 'Whenever visiting a Gurdwara Sahib, Baba Ji would offer Chandoa Sahib, Rumala Sahib, Manji Sahib, Cushions, Chaur Sahib as needed.'

1.2.4. 'Baba Ji would always carry with them Hartaal (correction fluid), Ink, Bamboo Pens (kalam), Paper, '*levi*' (paste prepared from wheat flour/starch), whenever they saw an ang (folio)

1.2. ਬਾਬਾ ਸ਼ਾਮ ਸਿੰਘ ਜੀ ਸੇਵਾਪੰਥੀ (1803-1928 ਈ.) ਰਾਗ ਕੀਰਤਨ ਵਿੱਚ ਆਪਣੇ  ਵੱਡੇ ਯੋਗਦਾਨ ਲਈ ਜਾਣੇ ਜਾਂਦੇ ਹਨ, ਪਰ ਉਹਨਾਂ ਨੇ ਹੱਥ-ਲਿਖਤ ਰਚਨਾ ਗ੍ਰੰਥਾਂ ਦੀ ਲਿਖਾਈ ਅਤੇ ਸੰਭਾਲ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ। ਬਾਬਾ ਸ਼ਾਮ ਸਿੰਘ ਪੋਥੀ ਸਾਹਿਬਾਨ ਦੀ ਸੰਭਾਲ ਸੇਵਾ ਕਰਨ ਲਈ ਸੰਗਤ ਨੂੰ ਉਤਸ਼ਾਹਿਤ ਕਰਦੇ ਸਨ ਅਤੇ ਉਨ੍ਹਾਂ ਦੇ ਜੀਵਨ ਵਿਚੋਂ ਇਸ ਦੀਆਂ ਬਹੁਤ ਸਾਰੀਆਂ ਦਸਤਾਵੇਜ਼ੀ ਉਦਾਹਰਣਾਂ ਮਿਲਦੀਆਂ ਹਨ। ਹੇਠਾਂ ਲਿਖੇ ਕੁਝ ਦਾਸਤਾਨ ਸੰਤ ਗਾਥਾ (ਅਸਲ ਵਿੱਚ ਮੇਜਰ ਪ੍ਰੇਮ ਸਿੰਘ ਦੁਆਰਾ ਲਿਖੇ ਗਏ) ਅਤੇ ਨਾਲ ਹੀ ਬਾਬਾ ਸ਼ਾਮ ਸਿੰਘ ਜੀ (ਦਲਜੀਤ ਸਿੰਘ ਬੇਦੀ ਦੁਆਰਾ) ਤੋਂ ਲਏ ਗਏ ਹਨ:

1.2.1. ‘ਇਕ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ‘ਜਿਲਦ’ (ਕਵਰ) ਖਰਾਬ ਹੋ ਗਈ ਸੀ। ਇਹ ਦੇਖ ਕੇ ਬਾਬਾ ਜੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਮਸ਼ਹੂਰ ਮੁਸਲਮਾਨ ਜਿਲਦਸਾਜ਼ ਕੋਲ ਲੈ ਗਏ। ਸਾਰਾ ਸਮਾਂ ਜਦੋਂ ਕਾਰੀਗਰ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ-ਲਿਖਤ ਦੀ ਮੁਰੰਮਤ ਕੀਤੀ ਜਾ ਰਹੀ ਸੀ, ਬਾਬਾ ਜੀ ਰੋਜ਼ਾਨਾ ਇਸ ਸਥਾਨ 'ਤੇ ਜਾ ਕੇ ਗੁਰੂ ਸਾਹਿਬ ਨੂੰ ਫੁੱਲਾਂ ਦੀ ਮਾਲਾ ਭੇਟ ਕਰਦੇ ਸਨ।'

1.2.2. 'ਜਦੋਂ ਬਾਬਾ ਜੀ ਵੱਖ-ਵੱਖ ਗੁਰਦੁਆਰਿਆਂ ਵਿਚ ਜਾਂਦੇ ਸਨ ਉਹ ਕੁਝ ਗੱਲਾਂ ਧਿਆਨ ਵਿਚ ਰੱਖਦੇ ਸਨ। ਇਕ ਨੁਕਤਾ ਉਹ ਹਮੇਸ਼ਾ ਧਿਆਨ ਵਿਚ ਰੱਖਦੇ ਸਨ ਕਿ ਜਦੋਂ ਵੀ ਉਹ ਦੇਖਦੇ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਉਤਾਰਾ ਖਰਾਬ ਹੋ ਗਿਆ ਹੈ, ਤਾਂ ਉਹ ਸਭ ਤੋਂ ਪਹਿਲਾਂ ਗ੍ਰੰਥੀਆਂ ਨੂੰ ਸਮਝਾਉਂਦੇ ਸਨ ਕਿ ਉਹ ਬਾਬਾ ਜੀ ਦੀ ਮੁਰੰਮਤ

of Sri Guru Granth Sahib Ji requiring minor repair, they would do that immediately.'

(Extracts from 'Sant Gatha' and 'Baba Shaam Singh Ji' by Daljit Singh Bedi)

1.2.5. Baba Shaam Singh derived much of their knowledge from the Sevapanthi/Addanshahi lineages and it is likely that they would have derived their knowledge of Sambhal-Seva from a variety of learned figures from these lineages.

1.3. Bhai Gobind Shah Singh was a close sevak of Baba Shaam Singh who personally carried out the Sambhal-Seva of Pothi Sahibs at Baba Shaam Singh Ji's Dera/Dharamshala during the later years of Baba Shaam Singh's life. There are a number of manuscript Pothi Sahibs, including Sri Guru Granth Sahibs, which can be found in various asthans, particularly in Amritsar. It is likely that they were encouraged and perhaps even trained in this seva by Baba Shaam Singh Ji.

1.4. Giani Gurnam Singh Ji Sampradai Bhinder Kalan (~2020CE) was known for their skill in repairing Pothi Sahibs and in particular Sri Guru Granth Sahibs. During their time as a student of Sant Giani Gurbachan Singh Ji Khalsa, he was already known for repairing Sri Guru Granth Sahibs. As a nomadic Giani, they would travel from village to village performing Sambhal-Seva in addition to Gurbani Katha.

1.5. It is evident and clear from the brief outline given above, that the ethos of Sambhal-Seva is deeply rooted in the Sikh tradition. On this deeply rooted plant, Pothi Seva has grafted many useful methods and techniques derived from various global conservation traditions,

ਕਰਾਉਣ। ਫਿਰ ਉਹ ਗ੍ਰੰਥੀਆਂ ਨਾਲ ਵਾਅਦਾ ਕਰਦੇ ਸਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਲਦ (ਕਵਰ) ਦੀ ਮੁਰੰਮਤ ਇੱਕ ਹੁਨਰਮੰਦ ਜਿਲਦਸਾਜ਼ ਤੋਂ ਕਰਵਾ ਦੇਣਗੇ। ਜੇਕਰ ਲੋੜ ਪਈ ਤਾਂ ਉਹ ਇਸ ਸੇਵਾ ਲਈ ਮਾਇਆ ਵੀ ਦਿੰਦੇ ਸਨ।'

1.2.3. 'ਜਦੋਂ ਵੀ ਗੁਰਦੁਆਰਾ ਸਾਹਿਬ ਜਾਂਦੇ ਤਾਂ ਬਾਬਾ ਜੀ ਲੋੜ ਅਨੁਸਾਰ ਚੰਦੋਆ ਸਾਹਿਬ, ਰੁਮਾਲਾ ਸਾਹਿਬ, ਮੰਜੀ ਸਾਹਿਬ, ਗੱਦੀਆਂ, ਚੌਰ ਸਾਹਿਬ ਚੜ੍ਹਾਉਂਦੇ।'

1.2.4. ਬਾਬਾ ਜੀ ਆਪਣੇ ਨਾਲ ਹੜਤਾਲ, ਸਿਆਹੀ, ਬਾਂਸ ਦੀ ਕਲਮ, ਕਾਗਜ਼, ਲੇਵੀ (ਕਣਕ ਦੇ ਆਟੇ/ਸਟਾਰਚ ਤੋਂ ਤਿਆਰ ਕੀਤੀ ਪੇਸਟ) ਲੈ ਕੇ ਜਾਂਦੇ। ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਪੰਨਾ ਦੇਖਦੇ ਜਿਸ ਦੀ ਮੁਰੰਮਤ ਦੀ ਲੋੜ ਹੁੰਦੀ ਤਾਂ ਮੁਰੰਮਤ, ਉਹ ਇਹ ਤੁਰੰਤ ਕਰਦੇ ਸਨ।'

(ਦਲਜੀਤ ਸਿੰਘ ਬੇਦੀ ਦੀ 'ਸੰਤ ਗਾਥਾ' ਅਤੇ 'ਬਾਬਾ ਸ਼ਾਮ ਸਿੰਘ ਜੀ' ਵਿੱਚੋਂ ਚੋਣਵੇਂ ਲੇਖ)

1.2.5. ਬਾਬਾ ਸ਼ਾਮ ਸਿੰਘ ਨੇ ਆਪਣਾ ਬਹੁਤ ਸਾਰਾ ਗਿਆਨ ਸੇਵਾਪੰਥੀ/ਅੱਡਨਸ਼ਾਹੀ ਸੰਪ੍ਰਦਾਇ ਤੋਂ ਪ੍ਰਾਪਤ ਕੀਤਾ ਅਤੇ ਸੰਭਾਵਨਾ ਹੈ ਕਿ ਉਨ੍ਹਾਂ ਨੇ ਇਸ ਸੰਪਰਦਾਇ ਦੀਆਂ ਕਈ ਵਿਭਿੰਨ ਸ਼ਖਸੀਅਤਾਂ ਤੋਂ ਸੰਭਾਲ-ਸੇਵਾ ਦਾ ਗਿਆਨ ਪ੍ਰਾਪਤ ਕੀਤਾ ਹੋਵੇਗਾ।

1.3. ਭਾਈ ਗੋਬਿੰਦ ਸ਼ਾਹ ਸਿੰਘ ਬਾਬਾ ਸ਼ਾਮ ਸਿੰਘ ਦੇ ਨਜ਼ਦੀਕੀ ਸੇਵਕ ਸਨ ਜਿਨ੍ਹਾਂ ਨੇ ਬਾਬਾ ਸ਼ਾਮ ਸਿੰਘ ਜੀ ਦੇ ਜੀਵਨ ਦੇ ਬਾਅਦ ਦੇ ਸਾਲਾਂ ਦੌਰਾਨ ਬਾਬਾ ਸ਼ਾਮ ਸਿੰਘ

which have been accessed through the study and research of literature and learning under a variety of experts. This includes the traditions of paper conservation in East Asia (Japan, China and Korea) as well as Europe. From Europe the philosophical research-based approach developed by experts such as Christopher Clarkson and JA Szirmai is particularly important and should be given utmost respect, as with any expert, from any tradition whose expertise teaches Pothi Seva sevadars. Such experts  should be regarded as vital tributaries whose knowledge flows into the Sikh tradition of Sambhal Seva. Prior to the influx of this global knowledge, the examples given above show that Gursikhs involved in Sambhal-Seva carried out this seva using materials and methods which were available to them at the time. The Sri Guru Granth Sahibs restored by Bhai Gobind Shah Singh, for example, show that they sought to use good quality handmade papers and re-bound using a structure based primarily on their original construction (minimal intervention).

1.6. In the present day, Pothi Seva has access to a far greater selection of materials and technical methods which allow us to preserve a much greater proportion of original historic material so that a greater variety of historical signs and marks can be witnessed. These signs and marks help present day Gur-Sikhs to connect with the historical past. The importance of remembrance is evident throughout the Sikh tradition.

ਜੀ ਦੇ ਡੇਰੇ/ਧਰਮਸ਼ਾਲਾ ਵਿਖੇ ਪੋਥੀ ਸਾਹਿਬਾਨ ਦੀ ਸੰਭਾਲ-ਸੇਵਾ ਨਿੱਜੀ ਤੌਰ 'ਤੇ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਬਹੁਤ ਸਾਰੀਆਂ ਹੱਥ-ਲਿਖਤ ਪੋਥੀ ਸਾਹਿਬ ਹਨ, ਜੋ ਵੱਖ-ਵੱਖ ਅਸਥਾਨਾਂ, ਖਾਸ ਤੌਰ 'ਤੇ ਅੰਮ੍ਰਿਤਸਰ ਵਿੱਚ ਮਿਲ ਸਕਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਸੰਭਾਲ ਭਾਈ ਗੋਬਿੰਦ ਸ਼ਾਹ ਸਿੰਘ ਜੀ ਨੇ ਕੀਤੀ ਸੀ  ਉਹਨਾਂ ਨੂੰ ਬਾਬਾ ਸ਼ਾਮ ਸਿੰਘ ਜੀ ਦੁਆਰਾ ਇਸ ਸੇਵਾ ਵਿੱਚ ਉਤਸ਼ਾਹਿਤ ਕੀਤਾ ਗਿਆ ਸੀ ਅਤੇ ਸ਼ਾਇਦ ਸਿਖਲਾਈ ਵੀ ਦਿੱਤੀ ਗਈ ਸੀ।

1.4. ਗਿਆਨੀ ਗੁਰਨਾਮ ਸਿੰਘ ਜੀ ਸੰਪ੍ਰਦਾਇ ਭਿੰਡਰ ਕਲਾਂ (~2020CE) ਪੋਥੀ ਸਾਹਿਬਾਂ ਅਤੇ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਰੰਮਤ ਕਰਨ ਦੇ ਹੁਨਰ ਲਈ ਜਾਣੇ ਜਾਂਦੇ ਸਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦੇ ਵਿਦਿਆਰਥੀ ਵਜੋਂ, ਉਹ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਰੰਮਤ ਲਈ ਜਾਣੇ ਜਾਂਦੇ ਸਨ। ਨਾਮਵਰ ਗਿਆਨੀ ਹੋਣ ਦੇ ਨਾਤੇ ਉਹ ਪਿੰਡ-ਪਿੰਡ ਜਾ ਕੇ ਸੰਭਾਲ-ਸੇਵਾ ਕਰਦੇ ਅਤੇ ਗੁਰਬਾਣੀ ਕਥਾ ਵੀ ਕਰਦੇ।

1.5. ਉਪਰੋਕਤ ਦਿੱਤੀਆਂ ਉਦਾਹਰਣਾਂ ਦਰਸਾਉਂਦੀਆਂ ਅਤੇ ਸਿੱਧ ਕਰਦਿਆਂ ਹਨ ਕਿ ਸੰਭਾਲ-ਸੇਵਾ ਦੇ ਸਿਧਾਂਤਾਂ ਦੀਆਂ ਜੜ੍ਹਾਂ ਸਿੱਖ ਪ੍ਰੰਪਰਾ ਵਿਚ ਬਹੁਤ ਡੂੰਘੀਆਂ ਹਨ। ਇਸ ਡੂੰਘੀਆਂ ਜੜ੍ਹਾਂ ਵਾਲੇ ਪੌਦੇ 'ਤੇ, ਪੋਥੀ ਸੇਵਾ ਨੇ ਬਹੁਤ ਸਾਰੇ ਲਾਭਦਾਇਕ ਢੰਗਾਂ ਅਤੇ ਤਕਨੀਕਾਂ ਨੂੰ ਕਲਮਬੱਧ ਕੀਤਾ ਹੈ। ਇਨ੍ਹਾਂ ਨੂੰ ਦੁਨੀਆ ਦੀਆਂ ਵੱਖ-ਵੱਖ ਸੰਭਾਲ ਪਰੰਪਰਾਵਾਂ ਤੋਂ ਲਿਆ ਗਿਆ ਹੈ, ਜੋ ਕਿ ਲਿਖਤੀ ਸਰੋਤਾਂ ਦੇ ਅਧਿਐਨ, ਖੋਜ, ਅਤੇ ਵੱਖ-ਵੱਖ ਮਾਹਿਰਾਂ ਦੀ ਅਗਵਾਈ ਹੇਠ ਸਿੱਖਣ ਦੁਆਰਾ ਪ੍ਰਾਪਤ ਕੀਤਾ ਗਿਆ ਹੈ। ਇਸ ਵਿੱਚ ਪੂਰਬੀ ਏਸ਼ੀਆ (ਜਾਪਾਨ, ਚੀਨ ਅਤੇ ਕੋਰੀਆ) ਦੇ ਨਾਲ ਨਾਲ ਯੂਰਪ ਵਿੱਚ ਕਾਗਜ਼ ਦੀ ਸੰਭਾਲ ਦੀਆਂ ਪਰੰਪਰਾਵਾਂ ਸ਼ਾਮਲ ਹਨ। ਯੂਰਪ ਤੋਂ

ਕ੍ਰਿਸਟੋਫਰ ਕਲਾਰਕਸਨ ਅਤੇ ਜ਼ੀਰਮਾਈ ਵਰਗੇ ਮਾਹਰਾਂ ਦੁਆਰਾ ਵਿਕਸਤ ਦਾਰਸ਼ਨਿਕ ਖੋਜ-ਆਧਾਰਿਤ ਪਹੁੰਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਅਤੇ ਇਸ ਨੂੰ ਸਤਿਕਾਰ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਮਾਹਰ, ਕਿਸੇ ਵੀ ਪਰੰਪਰਾ ਦਾ ਜਿਸਦੀ ਮੁਹਾਰਤ ਪੋਥੀ ਸੇਵਾ ਸੇਵਾਦਾਰਾਂ ਨੂੰ ਕਿਸੇ ਵੀ ਸਮਰੱਥਾ ਵਿਚ ਸਿਖਾਉਂਦੀ ਹੈ, ਉਸ ਨਾਲ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਅਜਿਹੇ ਮਾਹਿਰਾਂ ਨੂੰ ਮਹੱਤਵਪੂਰਨ ਸਹਾਇਕ ਨਦੀਆਂ ਦੇ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਦਾ ਗਿਆਨ ਸੰਭਾਲ ਸੇਵਾ ਦੀ ਸਿੱਖ ਪਰੰਪਰਾ ਵਿੱਚ ਵਹਿੰਦਾ ਹੈ। ਇਸ ਗਲੋਬਲ ਗਿਆਨ ਦੀ ਆਮਦ ਤੋਂ ਪਹਿਲਾਂ, ਉੱਪਰ ਦਿੱਤੀਆਂ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਸੰਭਾਲ-ਸੇਵਾ ਵਿੱਚ ਸ਼ਾਮਲ ਗੁਰਸਿੱਖਾਂ ਨੇ ਇਸ ਸੇਵਾ ਨੂੰ ਉਸ ਸਮੇਂ ਉਪਲਬਧ ਸਮੱਗਰੀ ਅਤੇ ਵਿਧੀਆਂ ਦੀ ਵਰਤੋਂ ਕਰਕੇ ਕੀਤਾ ਸੀ। ਉਦਾਹਰਨ ਲਈ, ਭਾਈ ਗੋਬਿੰਦ ਸ਼ਾਹ ਸਿੰਘ ਦੁਆਰਾ ਬਹਾਲ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਇਹ ਦਰਸਾਉਂਦੇ ਹਨ ਕਿ ਉਹਨਾਂ ਨੇ ਚੰਗੇ ਦਰਜੇ ਦੇ ਹੱਥਾਂ ਨਾਲ ਬਣੇ ਕਾਗਜ਼ਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੁੱਖ ਤੌਰ 'ਤੇ ਉਹਨਾਂ ਦੀ ਅਸਲ ਉਸਾਰੀ (ਘੱਟੋ-ਘੱਟ ਦਖਲਅੰਦਾਜ਼ੀ) 'ਤੇ ਅਧਾਰਤ ਬਣਤਰ ਦੀ ਵਰਤੋਂ ਕਰਕੇ ਮੁੜ ਬੰਨ੍ਹਣ ਦੀ ਕੋਸ਼ਿਸ਼ ਕੀਤੀ।

1.6. ਅਜੋਕੇ ਸਮੇਂ ਵਿੱਚ, ਪੋਥੀ ਸੇਵਾ ਦੇ ਕੋਲ ਦੁਨੀਆ ਦੀਆਂ ਅਨੇਕਾਂ ਸੰਭਾਲ ਵਿੱਦਿਆ ਦੀਆਂ ਪ੍ਰੰਪਰਾਵਾਂ ਦੇ ਤਰੀਕਿਆਂ ਅਤੇ ਪਦਾਰਥਾਂ ਤੱਕ ਪਹੁੰਚ ਹੈ। ਇਸ ਦੇ ਨਾਲ ਮੂਲ ਇਤਿਹਾਸਕ ਸਮੱਗਰੀ ਦੇ ਵਜੂਦ ਨੂੰ ਸੁਰੱਖਿਅਤ ਰੱਖਣ ਲਈ ਸਾਡੀ ਸਮਰੱਥਾ ਹੋਰ ਵੱਧ ਜਾਂਦੀ ਹੈ। ਇਸ ਦੇ ਨਾਲ ਜਦੋਂ ਅਜਿਹੇ ਸਾਂਭੇ ਹੋਏ ਕਿਸੇ ਪੋਥੀ ਸਾਹਿਬਾਨ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਨੂੰ ਇਤਿਹਾਸਕ ਨਿਸ਼ਾਨੀਆਂ ਅਤੇ ਚਿੰਨ੍ਹਾਂ ਦੇ ਵੀ

| | | |
|---|---|---|
| | | ਪਹਿਲਾ ਨਾਲੋ ਵੱਧ ਦਰਸ਼ਨ ਮਿਲ ਜਾਂਦੇ ਹਨ। ਇਹ ਚਿੰਨ੍ਹ ਅਤੇ ਨਿਸ਼ਾਨ ਅਜੋਕੇ ਗੁਰ-ਸਿੱਖਾਂ ਨੂੰ ਇਤਿਹਾਸਕ ਅਤੀਤ ਨਾਲ ਜੋੜਨ ਵਿੱਚ ਮਦਦ ਕਰਦੇ ਹਨ। ਪਿਛਲੇ ਸਮੇਂ ਦੇ ਗੁਰਸਿੱਖਾਂ ਨੂੰ ਯਾਦ ਕਰਨ ਦੀ ਮਹੱਤਤਾ ਪੂਰੇ ਸਿੱਖ ਪਰੰਪਰਾ ਵਿੱਚ ਸਪੱਸ਼ਟ ਹੈ। |
| 3. | <u>Sambhal-Seva Philosophy: Unity in Diversity</u><br><br>1.7. Pothi Seva welcomes Vidyarthis from a variety of backgrounds to become Sambhal Sevadars, regardless of sex, race, religion or ethnicity. Any individual who wishes to learn Sambhal-Seva is welcome to join Pothi Seva as a Sevadar, provided they show a willingness to adhere to the Pothi Seva ethos. However, <u>tobacco users are forbidden to participate in this seva</u>.<br><br>1.8. Darja 4-5 Sambhal Sevadars (please refer to the end of the document for the definition of the different levels of Darje) should be particularly aware of this diversity and ensure that no Sambhal Sevadar is made to feel excluded. Darja 4-5 Sevadars have a core responsibility to ensure all Vidyarthis are made to feel welcome and given access to teaching.<br><br>1.9. It is possible that, in contexts where Pothi Seva is operating at an Asthan, there may be a specific local protocol which is different from Pothi Seva's own views which cannot be altered. For example, some Asthans may only permit Amritdhari Singhs. This is outside the control of Pothi Seva. | <u>ਸੰਭਾਲ-ਸੇਵਾ ਦਾ ਫਲਸਫਾ: ਅਨੇਕਤਾ ਦੇ ਰਾਹੀਂ ਏਕਤਾ</u><br><br>1.7. ਪੋਥੀ ਸੇਵਾ ਲਿੰਗ, ਨਸਲ, ਧਰਮ ਜਾਂ ਜਾਤ ਦੀ ਪਰਵਾਹ ਕੀਤੇ ਬਿਨਾਂ, ਸੰਭਾਲ ਸੇਵਾਦਾਰ ਬਣਨ ਲਈ ਵਿਭਿੰਨ ਪਿਛੋਕੜ ਵਾਲੇ ਵਿਦਿਆਰਥੀਆਂ ਦਾ ਸੁਆਗਤ ਕਰਦੀ ਹੈ। ਕੋਈ ਵੀ ਵਿਅਕਤੀ ਜੋ ਸੰਭਾਲ-ਸੇਵਾ ਸਿੱਖਣਾ ਚਾਹੁੰਦਾ ਹੈ, ਦਾ ਸੇਵਾਦਾਰ ਵਜੋਂ ਪੋਥੀ ਸੇਵਾ ਵਿੱਚ ਸ਼ਾਮਲ ਹੋਣ ਲਈ ਸਵਾਗਤ ਹੈ, ਬਸ਼ਰਤੇ ਉਹ ਪੋਥੀ ਸੇਵਾ ਦੇ ਸਿਧਾਂਤਾਂ ਦੀ ਪਾਲਣਾ ਕਰਨ ਦੀ ਇੱਛਾ ਦਿਖਾਵੇ। ਹਾਲਾਂਕਿ, <u>ਤੰਬਾਕੂ ਉਪਭੋਗਤਾਵਾਂ ਨੂੰ ਇਸ ਸੇਵਾ ਵਿੱਚ ਹਿੱਸਾ ਲੈਣ ਦੀ ਮਨਾਹੀ ਹੈ।</u><br><br>1.8. ਦਰਜ਼ਾ 4-5 ਸੰਭਾਲ ਸੇਵਾਦਾਰਾਂ ਨੂੰ ਇਸ ਵਿਭਿੰਨਤਾ ਬਾਰੇ ਖਾਸ ਤੌਰ 'ਤੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਸੰਭਾਲ ਸੇਵਾਦਾਰ ਆਪਣੇ ਆਪ ਨੂੰ ਓਪਰਾ ਜਾਂ ਅਲੱਗ ਮਹਿਸੂਸ ਨਾ ਕਰੇ। ਦਰਜ਼ਾ 4-5 ਸੇਵਾਦਾਰਾਂ ਦੀ ਇਹ ਯਕੀਨੀ ਬਣਾਉਣ ਦੀ ਮੁੱਖ ਜ਼ਿੰਮੇਵਾਰੀ ਹੈ ਕਿ ਸਾਰੇ ਵਿਦਿਆਰਥੀਆਂ ਦਾ ਸੁਆਗਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵਿੱਦਿਆ ਹਾਸਲ ਕਰਨ ਦਾ ਮੌਕਾ ਦਿੱਤਾ ਜਾਵੇ। |

| | | |
|---|---|---|
| | | 1.9. ਇਹ ਸੰਭਵ ਹੈ ਕਿ, ਜਿੱਥੇ ਪੋਥੀ ਸੇਵਾ ਕਿਸੇ ਅਸਥਾਨ ਵਿੱਚ ਚੱਲ ਰਹੀ ਹੈ ਜਿਸ ਵਿੱਚ ਇੱਕ ਖਾਸ ਸਥਾਨਕ ਮਰਯਾਦਾ ਹੈ ਜਿਸ ਵਿਚ ਪੋਥੀ ਸੇਵਾ ਦੇ ਨਿੱਜੀ ਵੀਚਾਰਾਂ ਤੋਂ ਕੁਝ ਫਰਕ ਹਨ ਜੋ ਬਦਲੇ ਨਹੀਂ ਜਾ ਸਕਦੇ, ਉੱਥੇ ਕੁਝ ਭਿੰਨਤਾਵਾਂ ਹੋਣਗੀਆਂ। ਉਦਾਹਰਣ ਵਜੋਂ, ਕੁਝ ਅਸਥਾਨ ਸਿਰਫ਼ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਸੇਵਾ ਵਿਚ ਸ਼ਾਮਿਲ ਹੋਣ ਲਈ ਇਜਾਜ਼ਤ ਦੇ ਸਕਦੇ ਹਨ। ਇਹ ਪੋਥੀ ਸੇਵਾ ਦੇ ਵੱਸ ਤੋਂ ਬਾਹਰ ਹੈ। |
| 4. | <u>Sambhal Seva Philosophy: Members, Students and Teachers</u><br>1.1. There are two types of Pothi Seva membership; Ordinary and Donating. Ordinary Members receive quarterly newsletters and do not contribute financially, Donating Members receive newsletters and also contribute financially. Both types of members may also become students of Sambhal Vidya.<br>1.2. Teaching Sambhal Vidya is one of the main purposes of Pothi  Seva. In the vast field of Sambhal Vidya, no individual Sambhal Sevadar can necessarily claim to understand the entire vast expanse of knowledge. All Sambhal Sevadars should consider themselves Vidyarthis. This will ensure the continual growth and development of Sambhal Vidya. Through research and experience the collective knowledge of Pothi Seva will increase. Sevadars of all levels are encouraged to share new ideas and techniques. Darja 4 and 5 Sevadars are required to apply their wisdom to assess any methods which are significantly different.<br>1.3. Sevadar assigned with a Darja, or on the pre-Darja program, are not permitted to undertake paid private work on any Pothi or item which relates to Sikh and Gurmukhi script heritage. They are only permitted to undertake private work on material which is classified | <u>ਸੰਭਾਲ ਸੇਵਾ ਫਲਸਫਾ: ਮੈਂਬਰ, ਵਿਦਿਆਰਥੀ ਅਤੇ ਅਧਿਆਪਕ</u><br>1.1. ਪੋਥੀ ਸੇਵਾ ਮੈਂਬਰਸ਼ਿਪ ਦੀਆਂ ਦੋ ਕਿਸਮਾਂ ਹਨ; ਸਾਧਾਰਨ ਅਤੇ ਦਸਵੰਧ। ਸਾਧਾਰਨ ਮੈਂਬਰ ਤਿਮਾਹੀ ਪਤ੍ਰਿਕਾ ਪ੍ਰਾਪਤ ਕਰਦੇ ਹਨ ਅਤੇ ਭੇਟਾ ਰੂਪੀ ਦਸਵੰਧ ਨਹੀਂ ਦਿੰਦੇ ਹਨ, ਦਸਵੰਧ ਦੇਣ ਵਾਲੇ ਮੈਂਬਰ ਨਿਊਜ਼ਲੈਟਰ ਪ੍ਰਾਪਤ ਕਰਦੇ ਹਨ ਅਤੇ ਦਸਵੰਧ ਵੀ ਦਿੰਦੇ ਹਨ। ਦੋਵੇਂ ਕਿਸਮ ਦੇ ਮੈਂਬਰ ਸੰਭਾਲ ਵਿਦਿਆ ਦੇ ਵਿਦਿਆਰਥੀ ਵੀ ਬਣ ਸਕਦੇ ਹਨ।<br>1.2. ਸੰਭਾਲ ਵਿੱਦਿਆ ਨੂੰ ਸਿਖਾਉਣਾ ਪੋਥੀ ਸੇਵਾ ਦਾ ਇਕ ਪ੍ਰਮੁੱਖ ਪ੍ਰਯੋਜਨ ਹੈ। ਸੰਭਾਲ ਵਿੱਦਿਆ ਦੇ ਅਥਾਹ ਖੇਤਰ ਵਿਚ ਕੋਈ ਵੀ ਵਿਅਕਤੀਗਤ ਸੰਭਾਲ ਸੇਵਾਦਾਰ ਜ਼ਰੂਰੀ ਤੌਰ 'ਤੇ ਸੰਭਾਲ ਵਿਦਿਆ ਦੇ ਸਮੁੱਚੇ ਵਿਸਤਾਰ ਨੂੰ ਸਮਝਣ ਦਾ ਦਾਅਵਾ ਨਹੀਂ ਕਰ ਸਕਦਾ ਹੈ। ਸਾਰੇ ਸੰਭਾਲ ਸੇਵਾਦਾਰਾਂ ਨੂੰ ਆਪਣੇ ਆਪ ਨੂੰ ਵਿਦਿਆਰਥੀ ਸਮਝਣਾ ਚਾਹੀਦਾ ਹੈ। ਇਸ ਦੇ ਨਾਲ ਸੰਭਾਲ ਸੇਵਾ ਦਾ ਵਿਕਾਸ ਨਿੱਤ ਪ੍ਰਤੀ ਵਧੇਗਾ। ਖੋਜ ਅਤੇ ਤਜ਼ਰਬੇ ਦੇ ਨਾਲ ਪੋਥੀ ਸੇਵਾ ਦਾ ਸਮੁੱਚਾ ਗਿਆਨ ਹੋਰ ਵਧੇਗਾ। ਹਰ ਇਕ ਦਰਜੇ ਦੇ ਸੇਵਾਦਾਰਾਂ ਨੂੰ ਨਵੇਂ ਅਤੇ ਵਧੀਆ ਤਰੀਕਿਆਂ ਨੂੰ ਪੋਥੀ ਸੇਵਾ ਵਿਚ ਸਾਂਝਾ ਕਰਨਾ ਚਾਹੀਦਾ ਪਰ ਦਰਜਾ ੪ ਅਤੇ ੫ ਦੇ ਸੇਵਾਦਾਰਾਂ ਨੂੰ |

outside of this category provided it is not undertaken at the Pothi Seva Asthan and does not use tools/materials/equipment which has been purchased for seva projects.

1.4. Sambhal Sevadars who progress to Darja 4 and 5 may attain the status of a teacher. Traditional Panjabi words which signify the status of a teacher can be used by other Sevadars to address them. e.g.: Ustad, Bhai Sahib etc. However, there is no compulsion to use such titles and, furthermore, Darja 4 and 5 Sevadars should continually see themselves as students and seek to learn from all Sevadars at the Asthan regardless of their Darja.

1.5. Sevadars who agree to conduct seva at a location which involves them living at a substantial distance from their home can be provided with a higher hourly rate than that of the Darja which they have attained. This is in consideration with the risk and inconvenience they incur as a result of living away from home for extended periods of time. Such increased rates will be calculated and adjusted on a case-by-case basis.

1.6. Sevadars who wish to obtain the Darja of a paid Sevadar can be enrolled onto the ‘Pre-Darja Training Program’ in accordance with the rules laid out in the separate ‘Pre-Darja Training Program’ document.” (Appendix III)

1.7. A separate category of student is the ‘intern’. These are generally conservation students from a non-Sikh background who wish to develop their knowledge by learning at Pothi Seva. Pothi Seva welcomes such interns over the course of the year, provided they are not smokers/tobacco users, compliant with Pothi Seva

ਆਪਣੇ ਗਿਆਨ ਦੇ ਨਾਲ ਕਿਸੇ ਵੀ ਬਹੁਤੇ ਨਵੇਂ ਜਾ ਵੱਖਰੇ ਤਰੀਕੇ ਨੂੰ ਪਰਚੋਲਣਾ ਚਾਹੀਦਾ ਹੈ।

1.3. ਜਿਹੜੇ ਸੇਵਾਦਾਰਾਂ ਨੂੰ ਦਰਜਾ ਦਿੱਤਾ ਗਿਆ ਹੈ ਜਾਂ ਜੋ ਪੂਰਵ-ਦਰਜਾ ਪ੍ਰੋਗਰਾਮ ਵਿੱਚ ਹਨ, ਉਹਨਾਂ ਨੂੰ ਕਿਸੇ ਵੀ ਪੋਥੀ ਜਾਂ ਹੋਰ ਆਈਟਮ ਨਾਲ ਸੰਬੰਧਿਤ ਨਿੱਜੀ ਭੁਗਤਾਨ ਵਾਲਾ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ, ਜੇ ਉਹ ਸਿੱਖ ਅਤੇ ਗੁਰਮੁਖੀ ਲਿਪੀ ਦੀ ਵਿਰਾਸਤ ਨਾਲ ਜੁੜਿਆ ਹੋਵੇ।
ਉਹਨਾਂ ਨੂੰ ਸਿਰਫ਼ ਉਹਨਾਂ ਸਮੱਗਰੀਆਂ ‘ਤੇ ਨਿੱਜੀ ਕੰਮ ਕਰਨ ਦੀ ਆਗਿਆ ਹੈ ਜੋ ਇਸ ਸ਼੍ਰੇਣੀ ਤੋਂ ਬਾਹਰ ਆਉਂਦੀਆਂ ਹਨ, ਇਹ ਸ਼ਰਤ ਨਾਲ ਕਿ ਉਹ ਕੰਮ ਪੋਥੀ ਸੇਵਾ ਅਸਥਾਨ ਵਿੱਚ ਨਾ ਕੀਤਾ ਜਾਵੇ ਅਤੇ ਨਾ ਹੀ ਉਹ ਸੇਵਾ ਪ੍ਰੋਜੈਕਟਾਂ ਲਈ ਖਰੀਦੇ ਗਏ ਸਾਜ਼ੋ-ਸਾਮਾਨ/ਸਮੱਗਰੀ/ਉਪਕਰਣ ਦੀ ਵਰਤੋਂ ਕਰੇ।

1.4. ਸੰਭਾਲ ਸੇਵਾਦਾਰ ਜੋ ਦਰਜਾ 4 ਅਤੇ 5 ਤੱਕ ਤਰੱਕੀ ਕਰਦੇ ਹਨ, ਇੱਕ ਅਧਿਆਪਕ ਦਾ ਦਰਜਾ ਪ੍ਰਾਪਤ ਕਰ ਸਕਦੇ ਹਨ। ਪਰੰਪਰਾਗਤ ਪੰਜਾਬੀ ਸ਼ਬਦ ਜੋ ਅਧਿਆਪਕ ਦੀ ਸਥਿਤੀ ਨੂੰ ਦਰਸਾਉਂਦੇ ਹਨ, ਉਹਨਾਂ ਨੂੰ ਸੰਬੋਧਨ ਕਰਨ ਲਈ ਦੂਜੇ ਸੇਵਾਦਾਰਾਂ ਦੁਆਰਾ ਵਰਤੇ ਜਾ ਸਕਦੇ ਹਨ। ਜਿਵੇਂ: ਉਸਤਾਦ ਆਦਿਕ। ਪਰ ਅਜਿਹੇ ਉਪਾਧੀਆਂ ਦੀ ਵਰਤੋਂ ਕਰਨ ਦੀ ਕੋਈ ਮਜਬੂਰੀ ਨਹੀਂ ਹੈ ਅਤੇ ਇਸ ਤੋਂ ਇਲਾਵਾ, ਦਰਜ਼ਾ 4 ਅਤੇ 5 ਸੇਵਾਦਾਰਾਂ ਨੂੰ ਲਗਾਤਾਰ ਆਪਣੇ ਆਪ ਨੂੰ ਵਿਦਿਆਰਥੀ ਹੀ ਸਮਝਣਾ ਚਾਹੀਦਾ ਹੈ ਅਤੇ ਅਸਥਾਨ ਦੇ ਸਾਰੇ ਸੇਵਾਦਾਰਾਂ ਤੋਂ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਚਾਹੇ ਉਹ ਕੋਈ ਵੀ ਹੋਵੇ।

1.5. ਜੋ ਸੇਵਾਦਾਰ ਕਿਸੇ ਅਜੇਹੇ ਸਥਾਨ ‘ਤੇ ਸੇਵਾ ਕਰਨ ਲਈ ਸਹਿਮਤ ਹੁੰਦੇ ਹਨ ਜਿੱਥੇ ਉਨ੍ਹਾਂ ਨੂੰ ਆਪਣੇ ਘਰ ਤੋਂ ਕਾਫੀ ਦੂਰੀ ‘ਤੇ ਰਹਿਣਾ ਪੈਂਦਾ ਹੈ, ਉਨ੍ਹਾਂ ਨੂੰ ਉਸ ਦਰਜੇ

| | | |
|---|---|---|
| | and local site ethos/maryada, and respect the sanctity of the work which Pothi Seva does.<br><br>1.8. Pothi Seva is able to assess each request individually and cover accommodation costs and local travel costs. Air travel costs cannot be covered by this Training. Only one intern is accepted at any given time at a Seva Asthan and the current maximum capacity is two interns per year. | (ਦਰਜਾ) ਨਾਲੋਂ ਵੱਧ ਘੰਟਾਵਾਰੀ ਦਰ ਦਿੱਤੀ ਜਾ ਸਕਦੀ ਹੈ ਜੋ ਉਨ੍ਹਾਂ ਨੇ ਪ੍ਰਾਪਤ ਕੀਤਾ ਹੈ।<br><br>ਇਹ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਹੈ ਕਿ ਉਹ ਲੰਬੇ ਸਮੇਂ ਲਈ ਘਰ ਤੋਂ ਦੂਰ ਰਹਿਣ ਦੇ ਕਾਰਨ ਜੋਖਮ ਅਤੇ ਅਸੁਵਿਧਾ ਦਾ ਸਾਹਮਣਾ ਕਰਦੇ ਹਨ।<br><br>ਇਸ ਤਰ੍ਹਾਂ ਦੀ ਵੱਧ ਦਰ ਹਰ ਕੇਸ ਦੇ ਅਧਾਰ ‘ਤੇ ਅਲੱਗ-ਅਲੱਗ ਤੌਰ ‘ਤੇ ਗਿਣਤੀ ਕਰਕੇ ਤੈਅ ਕੀਤੀ ਜਾਵੇਗੀ।<br><br>ਕਿਸੇ ਵੀ ਵਾਧੂ ਦਰ ਦਾ ਨਿਰਧਾਰਨ ਵਿਸ਼ੇਸ਼ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਸ-ਦਰ-ਕੇਸ ਅਧਾਰ ‘ਤੇ ਕੀਤਾ ਜਾਵੇਗਾ।<br><br>1.6. ਜੋ ਸੇਵਾਦਾਰ ਤਨਖਾਹ ਵਾਲੇ ਸੇਵਾਦਾਰ ਦਾ ਦਰਜਾ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ, ਉਨ੍ਹਾਂ ਨੂੰ ‘ਪੂਰਵ-ਦਰਜਾ  ਵਿੱਚ ਦਰਜ ਕੀਤਾ ਜਾ ਸਕਦਾ ਹੈ, ਜੋ ਕਿ ਵੱਖਰੇ ‘ਪੂਰਵ-ਦਰਜਾ ਪ੍ਰਣਾਲੀ’ ਦਸਤਾਵੇਜ਼ (ਐਪੀਂਡਿਕਸ III) ਵਿੱਚ ਦਰਜ ਨਿਯਮਾਂ ਦੇ ਅਨੁਸਾਰ ਹੋਵੇਗਾ।<br><br>1.7. ਵਿਦਿਆਰਥੀ ਦੀ ਇੱਕ ਵੱਖਰੀ ਸ਼੍ਰੇਣੀ 'ਇੰਟਰਨ' ਹੈ। ਇਹ ਆਮ ਤੌਰ 'ਤੇ ਗੈਰ-ਸਿੱਖ ਪਿਛੋਕੜ ਵਾਲੇ ਵਿਦਿਆਰਥੀ ਹੁੰਦੇ ਹਨ ਜੋ ਪੋਥੀ ਸੇਵਾ ਵਿਚ ਸਿੱਖ ਕੇ ਆਪਣੇ ਗਿਆਨ ਦਾ ਵਿਕਾਸ ਕਰਨਾ ਚਾਹੁੰਦੇ ਹਨ। ਪੋਥੀ ਸੇਵਾ ਸਾਲ ਦੇ ਦੌਰਾਨ ਅਜਿਹੇ ਇੰਟਰਨਜ਼ ਦਾ ਸੁਆਗਤ ਕਰਦੀ ਹੈ, ਬਸ਼ਰਤੇ ਉਹ ਸਿਗਰਟਨੋਸ਼ੀ/ਤੰਬਾਕੂ ਦੀ ਵਰਤੋਂ ਕਰਨ ਵਾਲੇ ਨਾ ਹੋਣ, ਸਥਾਨਕ ਮਰਿਆਦਾ ਦਾ ਅਦਬ ਕਰਨ ਅਤੇ ਪੋਥੀ ਸੇਵਾ ਦੇ ਕੰਮ ਦੀ ਪਵਿੱਤਰਤਾ ਦਾ ਸਤਿਕਾਰ ਕਰਦੇ ਹੋਣ। |

| | | |
|---|---|---|
| | | 1.8. ਪੋਥੀ ਸੇਵਾ, ਰਿਹਾਇਸ਼ ਦੇ ਖਰਚਿਆਂ ਅਤੇ ਸਥਾਨਕ ਯਾਤਰਾ ਦੇ ਖਰਚਿਆਂ ਵਿੱਚ ਸਹਾਇਤਾ ਕਰ ਸਕਦੀ ਹੈ। ਹਵਾਈ ਯਾਤਰਾ ਦੇ ਖਰਚੇ ਇਸ ਵਜ਼ੀਫੇ ਵਿਚ ਨਹੀਂ ਆ ਸਕਦੇ। ਸੇਵਾ ਅਸਥਾਨ ਵਿੱਚ ਕਿਸੇ ਵੀ ਸਮੇਂ ਸਿਰਫ਼ ਇੱਕ ਇੰਟਰਨ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਮੌਜੂਦਾ ਅਧਿਕਤਮ ਸਮਰੱਥਾ ਪ੍ਰਤੀ ਸਾਲ ਦੋ ਹੈ। |
| 5. | Pothi Seva Sessions:<br><br>1. Open Seva Sessions:<br>1.1. It is necessary for an Open Seva Session to be supervised by a Darja 4-5 Sevadar for the entire duration. During an Open Seva Session, any new Sevadar is able to join. It is expected that a Sevadar's first session will primarily involve shadowing Sevadars and being introduced to the Seva Asthan in general. A Sevadar should not expect to begin any hands-on Seva in this first session. A Sevadar should only be assigned a hands-on project once they have completed the membership form and been inducted into Pothi Seva via the Sambhal-Nama document.<br><br>1.2. Sevadars who are salaried are collectively obliged to attend Open Seva Sessions, and Darja 4-5 Sevadars are permitted to undertake agreed hours of paid Seva, in addition to the Open Seva Session times.<br><br>1.3. Photographs taken during such sessions should all be uploaded to the Pothi Seva drive and except for the official Pothi Seva account, they should not be posted on any personal social media accounts.<br><br>2. Technical Vidya Session | ਪੋਥੀ ਸੇਵਾ ਸੈਸ਼ਨ:<br><br>1. ਖੁੱਲੇ ਸੇਵਾ ਸੈਸ਼ਨ:<br>1.1. ਇੱਕ ਖੁੱਲੇ ਸੇਵਾ ਸੈਸ਼ਨ ਨੂੰ ਚਲਾਉਣ ਲਈ ਇੱਕ ਦਰਜਾ 4-5 ਸੇਵਾਦਾਰ ਦੁਆਰਾ ਨਿਗਰਾਨੀ ਕਰਨੀ ਲਾਜ਼ਮੀ ਹੈ। ਇੱਕ ਖੁੱਲੇ ਸੇਵਾ ਸੈਸ਼ਨ ਦੌਰਾਨ, ਕੋਈ ਵੀ ਨਵਾਂ ਸੇਵਾਦਾਰ ਸ਼ਾਮਲ ਹੋ ਸਕਦਾ ਹੈ। ਨਵੇਂ ਸੇਵਾਦਾਰ ਨੂੰ ਪਹਿਲੇ ਸੈਸ਼ਨ ਵਿੱਚ ਹੋਰ ਸੇਵਾਦਾਰਾਂ ਦੇ ਨਾਲ ਬਿਠਾਇਆ ਜਾਵੇਗਾ ਅਤੇ ਸੇਵਾ ਅਸਥਾਨ ਨਾਲ ਜਾਣੂ ਕਰਵਾਇਆ ਜਾਵੇਗਾ। ਨਵੇਂ ਸੇਵਾਦਾਰ ਨੂੰ ਇਸ ਪਹਿਲੇ ਸੈਸ਼ਨ ਵਿੱਚ ਕੋਈ ਹੱਥੀਂ ਸੇਵਾ ਸ਼ੁਰੂ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ। ਨਵੇਂ ਸੇਵਾਦਾਰ ਨੂੰ ਕਿਸੇ ਪੋਥੀ ਸਾਹਿਬ ਦਾ ਸੇਵਾ ਕਾਰਜ ਤਾਂ ਸੌਂਪਿਆ ਜਾਣਾ ਚਾਹੀਦਾ ਹੈ ਜਦੋਂ ਉਹ ਮੈਂਬਰਸ਼ਿਪ ਫਾਰਮ ਨੂੰ ਭਰ ਲੈਂਦੇ ਹਨ ਅਤੇ ਸੰਭਾਲ-ਨਾਮਾ ਦਸਤਾਵੇਜ਼ ਨੂੰ ਪੜਨ ਅਤੇ ਸਮਝਣ ਦੇ ਨਾਲ ਪੋਥੀ ਸੇਵਾ ਵਿੱਚ ਸ਼ਾਮਲ ਹੋ ਜਾਂਦੇ ਹਨ।<br><br>1.2. ਜਿਨ੍ਹਾਂ ਸੇਵਾਦਾਰਾਂ ਕੋਲ ਤਨਖਾਹ ਵਾਲਾ ਅਹੁਦਾ ਹੈ, ਉਨ੍ਹਾ ਲਈ ਖੁੱਲ੍ਹੇ ਸੇਵਾ ਸੈਸ਼ਨਾਂ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ ਅਤੇ ਦਰਜ਼ਾ 4-5 |

2.1. In addition to the Open Seva Sessions, a Seva Asthan may also have some set Technical Vidya Sessions where Darja 4-5 sevadars will teach important technical skills. In these sessions, repair and binding techniques will be taught as required. The topics for these sessions are in a separate column in the  Sevadar Training Program. The timing of these Technical Vidya Sessions can be arranged flexibly by Darja 4-5 sevadars through consultation with the Sevadar team. Ideally, there should be at least 2 such sessions per month and paid Darja 4-5 Sevadars should record such sessions clearly on their time log spreadsheet.

3. <u>Likhari Sessions</u>

3.1. These are sessions where Likharis (scribes) are taught about the skills involved in preparing a well-functioning Pothi Sahib. Such sessions can be scheduled flexibly by Darja 4-5 Sevadars and may take place simultaneously during an Open Seva Session if no more than 2 Likharis are being taught. Paid Darja 4-5 Sevadars should clearly record such sessions on their time log spreadsheet.

4. <u>Additional Sessions</u>

4.1. It is expected that paid sevadars will run additional Seva sessions during the week. These are not 'Open Seva Sessions' as such. Unpaid Sevadars who have attended Open Seva Sessions over the duration of 1month are permitted to officially join such additional sessions with written documented consent (e.g.: a message or email from a Darja 4-5 Sevadar notifying the Panchayat). Darja 4-5 Sevadars from other Asthans will also be qualified to assist in guiding and training Asthan Sevadars to help them reach Darja 4-5.

ਸੇਵਾਦਾਰਾਂ ਨੂੰ ਖੁੱਲ੍ਹੇ ਸੇਵਾ ਸੈਸ਼ਨ ਦੇ ਸਮੇਂ ਤੋਂ ਇਲਾਵਾ, ਸੇਵਾ ਦੇ ਹੋਰ ਸਹਿਮਤ ਹੋਏ ਵਾਧੂ ਘੰਟੇ ਕਰਨ ਦੀ ਇਜਾਜ਼ਤ ਹੈ।

1.3. ਇਹ ਖੁੱਲ੍ਹੇ ਸੇਵਾ ਸੈਸ਼ਨ ਦੇ ਦੌਰਾਨ ਖਿੱਚੀਆਂ ਤਸਵੀਰਾਂ ਪੋਥੀ ਸੇਵਾ ਦੇ drive ਵਿਚ ਦਰਜ ਹੋਣੀਆਂ ਚਾਹੀਦੀਆਂ ਹਨ, ਅਤੇ ਪੋਥੀ ਸੇਵਾ ਦੇ ਅਧਿਕਾਰਿਤ ਅਕਾਊਂਟ ਤੋਂ ਛੁੱਟ ਕਿਸੇ ਨਿੱਜੀ ਸੋਸ਼ਲ ਮੀਡੀਆ ਅਕਾਊਂਟ ਉੱਪਰ ਕਿਸੇ ਵੀ ਸੇਵਾ ਦੀ ਤਸਵੀਰ ਨੂੰ ਨਹੀਂ ਪਾਉਣਾ ਚਾਹੀਦਾ।

2. <u>ਤਕਨੀਕੀ ਵਿਦਿਆ ਸੈਸ਼ਨ</u>

2.1. ਖੁੱਲੇ ਸੇਵਾ ਸੈਸ਼ਨਾਂ ਤੋਂ ਇਲਾਵਾ, ਸੇਵਾ ਅਸਥਾਨ ਵਿੱਚ ਕੁਝ ਤਕਨੀਕੀ ਵਿਦਿਆ ਸੈਸ਼ਨ (technical workshops) ਵੀ ਹੋ ਸਕਦੇ ਹਨ ਜਿੱਥੇ ਦਰਜਾ 4-5 ਸੇਵਾਦਾਰ ਹੋਰ ਸੇਵਾਦਾਰਾਂ ਨੂੰ ਜ਼ਰੂਰੀ ਤਕਨੀਕੀ ਹੁਨਰ ਸਿਖਾਉਣਗੇ। ਇਨ੍ਹਾਂ ਵਿਚ ਲੋੜ ਅਨੁਸਾਰ ਮੁਰੰਮਤ ਅਤੇ ਜਿਲਦਬੰਦੀ ਦੇ ਤਰੀਕੇ ਜੋ ਕਿ ਸੇਵਾਦਾਰ ਸਿਖਲਾਈ ਪ੍ਰੋਗਰਾਮ ਵਿੱਚ ਇੱਕ ਵੱਖਰੇ ਕਾਲਮ ਵਿੱਚ ਹਨ। ਇਨ੍ਹਾਂ ਤਕਨੀਕੀ ਵਿਦਿਆ ਸੈਸ਼ਨਾਂ ਦਾ ਸਮਾਂ ਸੇਵਾਦਾਰ ਟੀਮ ਨਾਲ ਸਲਾਹ-ਮਸ਼ਵਰਾ ਕਰਕੇ ਦਰਜਾ 4-5 ਸੇਵਾਦਾਰਾਂ ਨੀਯਤ ਕਰ ਸਕਦੇ ਹਨ। ਆਦਰਸ਼ਕ ਤੌਰ 'ਤੇ, ਪ੍ਰਤੀ ਮਹੀਨਾ ਘੱਟੋ-ਘੱਟ 2ਦੋ ਅਜਿਹੇ ਸੈਸ਼ਨ ਹੋਣੇ ਚਾਹੀਦੇ ਹਨ  ਦਰਜਾ 4-5 ਸੇਵਾਦਾਰਾਂ ਨੂੰ ਅਜਿਹੇ ਸੈਸ਼ਨਾਂ ਨੂੰ ਆਪਣੀ ਸਮਾਂ ਲੌਗ ਸਪ੍ਰੈਡਸ਼ੀਟ 'ਤੇ ਸਪੱਸ਼ਟ ਤੌਰ 'ਤੇ ਰਿਕਾਰਡ ਕਰਨਾ ਚਾਹੀਦਾ ਹੈ।

3. <u>ਲਿਖਾਰੀ ਸੈਸ਼ਨ</u>

| | | |
|---|---|---|
| | | 3.1. ਇਹ ਉਹ ਸੈਸ਼ਨ ਹਨ ਜਿੱਥੇ ਲਿਖਾਰੀਆਂ ਨੂੰ ਇੱਕ ਸੁੰਦਰ ਪ੍ਰਕਾਸ਼ ਹੋਣ ਵਾਲੀ ਪੋਥੀ ਸਾਹਿਬ ਨੂੰ ਬਣਾਉਣ ਬਾਰੇ ਸਿਖਲਾਈ ਦਿੱਤੀ ਜਾਵੇਗੀ। ਅਜਿਹੇ ਸੈਸ਼ਨਾਂ ਨੂੰ ਦਰਜ਼ਾ ਦੇ 4-5 ਸੇਵਾਦਾਰਾਂ ਦੁਆਰਾ ਨਿਯਤ ਕੀਤਾ ਜਾ ਸਕਦਾ ਹੈ। ਜੇਕਰ ਕੋਈ ਇਕੱਲਾ ਲਿਖਾਰੀ ਸਿੱਖਣਾ ਚਾਹੁੰਦਾ ਹੈ ਉਸ ਨੂੰ ਖੁੱਲ੍ਹੇ ਸੇਵਾ ਸੈਸ਼ਨ ਦੇ ਵਿਚ ਵੀ ਬੀ ਸਕਦਾ ਹੈ। ਤਨਖਾਹ ਵਾਲੇ ਦਰਜ਼ਾ 4-5 ਸੇਵਾਦਾਰਾਂ ਨੂੰ ਅਜਿਹੇ ਸੈਸ਼ਨਾਂ ਨੂੰ ਆਪਣੀ ਸਮਾਂ ਲੌਗ ਸਪ੍ਰੈਡਸ਼ੀਟ 'ਤੇ ਸਪੱਸ਼ਟ ਤੌਰ 'ਤੇ ਲਿਖਣਾ ਚਾਹੀਦਾ ਹੈ।<br><br>4. <u>ਵਧੀਕ ਸੈਸ਼ਨ</u><br>4.1. ਉਮੀਦ ਕੀਤੀ ਜਾਂਦੀ ਹੈ ਕਿ ਤਨਖਾਹ ਵਾਲੇ ਸੇਵਾਦਾਰ ਹਫ਼ਤੇ ਦੌਰਾਨ ਵਾਧੂ ਸੇਵਾ ਸੈਸ਼ਨ ਚਲਾਉਣਗੇ। ਇਹ ਇਸ ਤਰ੍ਹਾਂ 'ਖੁੱਲੇ ਸੇਵਾ ਸੈਸ਼ਨ' ਨਹੀਂ ਹਨ। ਇੱਕ ਮਹੀਨੇ ਦੀ ਮਿਆਦ ਵਿੱਚ ਖੁੱਲ੍ਹੇ ਸੇਵਾ ਸੈਸ਼ਨਾਂ ਵਿੱਚ ਸ਼ਾਮਲ ਹੋਣ ਵਾਲੇ ਬਿਨਾਂ ਤਨਖਾਹ ਵਾਲੇ ਸੇਵਾਦਾਰਾਂ ਨੂੰ ਅਧਿਕਾਰਤ ਤੌਰ 'ਤੇ ਲਿਖਤੀ/ਦਸਤਾਵੇਜ਼ਿਤ (ਜਿਵੇਂ: ਪੰਚਾਇਤ ਨੂੰ ਸੂਚਿਤ ਕਰਨ ਵਾਲੇ ਦਰਜਾ 4-5 ਸੇਵਾਦਾਰ ਦਾ ਸੁਨੇਹਾ ਜਾਂ ਈਮੇਲ) ਸਹਿਮਤੀ ਨਾਲ ਅਜਿਹੇ ਵਾਧੂ ਸੈਸ਼ਨਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ। ਦੂਜੇ ਅਸਥਾਨਾਂ ਦੇ ਦਰਜਾ 4-5 ਸੇਵਾਦਾਰ ਅਸਥਾਨ ਸੇਵਾਦਾਰਾਂ ਨੂੰ ਦਰਜ਼ਾ 4-5 ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਮਾਰਗਦਰਸ਼ਨ ਅਤੇ ਸਿਖਲਾਈ ਦੇਣ ਲਈ ਯੋਗ ਹੋਣਗੇ। |
| 6. | 1. <u>Pothi Sambhal Sevadar Darje (Technical Levels)</u><br>1.1. The levels provided below have been detailed to provide a pathway for the merit-based progression of Sevadars. A Sevadar in any given level may be paid or unpaid. To be paid as a Sevadar is entirely in Sikh philosophy provided the Sevadar primarily considers | 1. <u>ਪੋਥੀ ਸੰਭਾਲ ਸੇਵਾਦਾਰ ਦਰਜ਼ੇ (ਤਕਨੀਕੀ ਪੱਧਰ)</u><br>1.1. ਸੇਵਾਦਾਰਾਂ ਦੀ ਤਰੱਕੀ ਨੂੰ ਨਾਪਣ ਲਈ ਹੇਠਾਂ ਦਿੱਤੇ ਦਰਜ਼ਿਆਂ ਦਾ ਵੇਰਵਾ ਦਿੱਤਾ ਗਿਆ ਹੈ। ਕਿਸੇ ਵੀ ਦਰਜੇ ਦੇ ਸੇਵਾਦਾਰ ਨੂੰ ਤਨਖਾਹ ਦਿੱਤੀ ਜਾ ਸਕਦੀ ਹੈ। |

| | | |
|---|---|---|
| | the payment as a secondary fruit of their Seva, the primary fruit being the spiritual fulfillment and conservation of Virasat, which is achieved through Seva.<br><br>1.2. Please refer to the 'Pothi Seva_Sambhal Sevadar Training Program' when reading the descriptions given below. For Seva Asthans which are in an earlier stage of establishment and where there are no Darja 4 or 5 Sevadars present, the highest Darja Sevadars at the Asthan are authorised to receive and return Pothi Sahib projects and other similar basic tasks.<br><br>1.3. There are two types of Pothi Seva membership; Ordinary and Donating. Ordinary Members receive quarterly newsletters and do not contribute financially, Donating Members receive newsletters and also contribute financially. Both types of members may also become students of Sambhal Vidya. | ਸੇਵਾਦਾਰ ਨੂੰ ਤਨਖਾਹ ਮਿਲਣੀ ਸਿੱਖ ਸਿਧਾਂਤ ਨਾਲ ਸਹਿਮਤ ਹੈ ਬਸ਼ਰਤੇ ਸੇਵਾ ਦਾ ਮੁੱਖ ਫਲ ਅਧਿਆਤਮਿਕ ਪੂਰਤੀ ਹੋਵੇ ਨਾ ਕਿ ਤਨਖਾਹ ਦੀ ਪ੍ਰਾਪਤੀ।<br><br>1.2. ਕਿਰਪਾ ਕਰਕੇ ਹੇਠਾਂ ਦਿੱਤੇ ਦਰਜ਼ਿਆਂ ਨੂੰ ਪੜ੍ਹਨ ਵੇਲੇ 'ਪੋਥੀ ਸੇਵਾ_ਸੰਭਾਲ ਸੇਵਾਦਾਰ ਸਿਖਲਾਈ ਪ੍ਰੋਗਰਾਮ' ਨੂੰ ਵੀ ਜ਼ਰੂਰ ਵੇਖੋ। ਜਿਹੜੇ ਸੇਵਾ ਅਸਥਾਨ ਸਥਾਪਨਾ ਦੇ ਪਹਿਲੇ ਪੜਾਅ ਵਿੱਚ ਹਨ, ਜਿੱਥੇ ਕੋਈ ਦਰਜ਼ਾ 4 ਜਾਂ 5 ਸੇਵਾਦਾਰ ਮੌਜੂਦ ਨਹੀਂ ਹਨ, ਅਸਥਾਨ ਦੇ ਸਭ ਤੋਂ ਉੱਚੇ ਦਰਜ਼ੇ ਦੇ ਸੇਵਾਦਾਰ ਪੋਥੀ ਸਾਹਿਬ ਕਾਰਜਾਂ ਨੂੰ ਪ੍ਰਾਪਤ ਕਰਨ ਅਤੇ ਵਾਪਸ ਕਰਨ ਲਈ ਅਧਿਕਾਰਤ ਹਨ।<br><br>1.3. ਪੋਥੀ ਸੇਵਾ ਮੈਂਬਰਸ਼ਿਪ ਦੀਆਂ ਦੋ ਕਿਸਮਾਂ ਹਨ; ਸਾਧਾਰਨ ਅਤੇ ਦਸਵੰਧ। ਸਾਧਾਰਨ ਮੈਂਬਰ ਤਿਮਾਹੀ ਪਤ੍ਰਿਕਾ ਪ੍ਰਾਪਤ ਕਰਦੇ ਹਨ ਅਤੇ ਭੇਟਾ ਰੂਪੀ ਦਸਵੰਧ ਨਹੀਂ ਦਿੰਦੇ ਹਨ, ਦਸਵੰਧ ਦੇਣ ਵਾਲੇ ਮੈਂਬਰ ਨਿਊਜ਼ਲੈਟਰ ਪ੍ਰਾਪਤ ਕਰਦੇ ਹਨ ਅਤੇ ਦਸਵੰਧ ਵੀ ਦਿੰਦੇ ਹਨ। ਦੋਵੇਂ ਕਿਸਮ ਦੇ ਮੈਂਬਰ ਸੰਭਾਲ ਵਿਦਿਆ ਦੇ ਵਿਦਿਆਰਥੀ ਵੀ ਬਣ ਸਕਦੇ ਹਨ। |
| 7. | 1. The Main Steps in a Seva Project:<br>1.1. Receiving a Pothi Sahib Project<br>1.1.1. Custodians of Pothi Sahibs must ideally contact Pothi Seva using one of the official email IDs or phone numbers. Darja 4-5 Sevadars who have access to these official lines of contact are authorised to instruct custodians on when to bring a Pothi Sahib for Seva. No other Sevadars are able to authorise the receipt of a Pothi Sahib.<br><br>1.1.2. Each Seva Asthan should have an 'Arrival Guide' document which clearly instructs | 1. ਸੇਵਾ ਕਾਰਜ ਦੇ ਪ੍ਰਮੁੱਖ ਕਦਮ:<br><br>1.1. ਪੋਥੀ ਸਾਹਿਬ ਕਾਰਜ ਪ੍ਰਾਪਤ ਕਰਦੇ ਹੋਏ<br>1.1.1. ਪੋਥੀ ਸਾਹਿਬਾਨ ਦੀ ਸੇਵਾ ਬਾਰੇ ਮੌਜੂਦਾ ਰਖਵਾਲੇ ਸੱਜਣਾਂ ਨੂੰ ਅਧਿਕਾਰਤ ਈਮੇਲ ਆਈਡੀ ਜਾਂ ਫ਼ੋਨ ਨੰਬਰ ਦੇ ਰਾਹੀਂ ਪੋਥੀ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਦਰਜ਼ਾ 4-5 ਸੇਵਾਦਾਰ ਜਿਨ੍ਹਾਂ ਦੀ ਸੰਪਰਕ ਦੀਆਂ ਇਨ੍ਹਾਂ ਅਧਿਕਾਰਤ ਲਾਈਨਾਂ ਤੱਕ ਪਹੁੰਚ ਹੈ, ਸੇਵਾਦਾਰਾਂ ਨੂੰ ਇਹ ਨਿਰਦੇਸ਼ ਦੇਣ ਲਈ ਅਧਿਕਾਰਤ ਹਨ ਕਿ ਸੇਵਾ |

| | | |
|---|---|---|
| | custodians on how to correctly and safely access the Seva Asthan. | ਲਈ ਪੋਥੀ ਸਾਹਿਬ ਨੂੰ ਕਦੋਂ ਲਿਆਉਣਾ ਚਾਹੀਦਾ ਹੈ। ਕਿਸੇ ਹੋਰ ਦਰਜੇ ਦੇ ਸੇਵਾਦਾਰ ਨੂੰ ਬਿਨਾ ਪੁੱਛੇ ਤੇ ਪੋਥੀ ਸਾਹਿਬ ਸੇਵਾ ਕਾਰਜ ਲਈ ਲਿਆਉਣਾ ਨਹੀਂ ਚਾਹੀਦਾ ਹੈ। |
| | | 1.1.2. ਹਰੇਕ ਸੇਵਾ ਅਸਥਾਨ ਕੋਲ ਇੱਕ 'ਆਗਮਨ ਗਾਈਡ' ਦਸਤਾਵੇਜ਼ ਹੋਣਾ ਚਾਹੀਦਾ ਹੈ ਜਿਸ ਦੇ ਵਿਚ ਸੇਵਾ ਅਸਥਾਨ ਤੱਕ ਸਹੀ ਅਤੇ ਸੁਰੱਖਿਅਤ ਢੰਗ ਨਾਲ ਪਹੁੰਚਣ ਬਾਰੇ ਜਾਣਕਾਰੀ ਦਿੱਤੀ ਜਾਵੇ। |
| | 1.1.3. When a Pothi Sahib is received, it should be initially recorded into the 'Log Spreadsheet' and given a number, followed by entering its basic details. Each Pothi is given a Pothi Seva Project Card which remains with the Pothi Sahib for the duration of the project. This card will be signed by the Sevadar who receives the Pothi for the Seva and the custodian. Immediately after the handover, 2-3 photographs should be taken of the Pothi and the card, ideally on the same date it has been received. | 1.1.3. ਜਦੋਂ ਪੋਥੀ ਸਾਹਿਬ ਪ੍ਰਾਪਤ ਹੁੰਦੀ ਹੈ, ਤਾਂ ਇਸਨੂੰ ਪਹਿਲਾਂ 'ਲੌਗ ਸਪ੍ਰੈਡਸ਼ੀਟ' ਵਿੱਚ ਦਰਜ ਕੀਤਾ ਜਾਵੇ, ਨੰਬਰ ਦਿੱਤਾ ਜਾਵੇ ਅਤੇ ਮੁਢਲੀ ਜਾਣਕਾਰੀ ਦਰਜ ਕੀਤੀ ਜਾਵੇ। ਹਰ ਇੱਕ ਪੋਥੀ ਨੂੰ ਇੱਕ ਪੋਥੀ ਸੇਵਾ ਕਾਰਜ ਕਾਰਡ ਬੀ ਦਿੱਤਾ ਜਾਵੇ ਜਿਸ ਉੱਪਰ ਜ਼ਿੰਮੇਵਾਰ ਸੇਵਾਦਾਰ ਅਤੇ ਰਖਵਾਲੇ ਦੇ ਦਸਤਖ਼ਤ ਹੋਵਣ। ਪ੍ਰਾਪਤ ਕਰਨ ਤੋਂ ਤੁਰੰਤ ਪੋਥੀ ਦੀਆਂ ੨-੩ ਫੋਟੋਆਂ ਤੁਰੰਤ ਲਈਆਂ ਜਾਣ, ਜਿਸ ਮਿਤੀ ਨੂੰ ਪੋਥੀ ਸਾਹਿਬ ਪ੍ਰਾਪਤ ਹੋਈ ਹੋਵੇ। |
| | 1.1.4. A new Pothi Sahib written by contemporary Likharis can only be received by Darja 4-5 Sevadars, if it has been checked for major scribal errors by any historically recognised Sikh institution. This could be a traditional Sikh Sampradai ranging from ancient organisations such as the Udasin Panth, Sevapanthi, Nihang, Giani Sampradai to more modern Sikh institutions such as the SGPC. This is an essential requirement for all newly handwritten Pothi Sahibs. Documentary proof of this checking procedure must be provided in the form of a duly signed or stamped letter. Additionally, the name and date of the Likhari should be written within the Pothi itself. | 1.1.4. ਸਮਕਾਲੀ ਲਿਖਾਰੀਆਂ ਦੁਆਰਾ ਲਿਖੀਆਂ ਨਵੀਆਂ ਪੋਥੀ ਸਾਹਿਬ ਕੇਵਲ ਦਰਜ਼ਾ 4-5 ਸੇਵਾਦਾਰਾਂ ਦੁਆਰਾ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਿ ਕਿਸੇ ਇਤਿਹਾਸਕ ਤੌਰ 'ਤੇ ਮਾਨਤਾ ਪ੍ਰਾਪਤ ਸੰਸਥਾ ਦੁਆਰਾ ਵੱਡੀਆਂ ਲਿਖਤੀ ਗਲਤੀਆਂ ਦੀ ਜਾਂਚ ਹੋ ਚੁੱਕੀ ਹੈ। ਇਹ ਇੱਕ ਪਰੰਪਰਾਗਤ ਸਿੱਖ ਸੰਪਰਦਾਯ ਹੋ ਸਕਦੀ ਹੈ ਜਿਸ ਵਿੱਚ ਪ੍ਰਾਚੀਨ ਸੰਸਥਾਵਾਂ, ਜਿਵੇਂ ਕਿ ਉਦਾਸੀਨ ਪੰਥ, ਨਿਹੰਗ ਸਿੰਘ, ਸੇਵਾਪੰਥੀ, ਗਿਆਨੀ ਸੰਪਰਦਾਇ ਤੋਂ ਲੈ ਕੇ ਹੋਰ ਆਧੁਨਿਕ ਸਿੱਖ |
| | 1.1.5. At any given time, a Seva Asthan must have no more than 1 larger Likhari project (i.e.: a Sri Guru Granth Sahib ji or similar sized Pothi Sahib) and 1 smaller Likhari project. This is in | |

order to ensure priority is given to Sambhal projects.

2. Storing a Pothi Sahib Project

2.1. Darja 4-5 Sevadars should advise on where a Pothi Sahib is to be stored. Sri Guru Granth Sahibs, Dasam Granth Sahibs and Sarbloh Granth Sahibs should be kept underneath a Chandoa Sahib. If any Pothi Sahib has fabrics or materials which could be immediately damaging, they can be carefully removed and returned to the custodian.

3. Preparing a Sambhal Proposal

3.1. A Darja 5 Sevadar is permitted to allocate a project to a Sambhal Sevadar.

3.2. Before commencing the Seva, a Sambhal Proposal should be written. This can be drafted by a Sambhal Sevadar of any given Darja. A Darja 4-5 Sambhal Sevadar is authorised to check, sign and pass on the proposal to the Mukh Sambhal Sevadar (currently Jasdip Singh). The Mukh Sambhal Sevadar must have their own proposals checked and signed by another Sevadar of the closest Darja.

3.3. The Mukh Sambhal Sevadar is expected to check and edit the proposal once it is received, ideally within 1-2 weeks. The finalised proposal is incorporated into the Log spreadsheet.

4. During Sambhal Seva Practices

Please refer to section 8 for guidelines and practices to be adhered to when completing Seva.

5. Sambhal-Seva Completion Documentation

ਸੰਸਥਾਵਾਂ, ਜਿਵੇਂ ਕਿ ਚੀਫ ਖ਼ਾਲਸਾ ਦੀਵਾਨ, ਐਸ.ਜੀ.ਪੀ.ਸੀ., ਅਖੰਡ ਕੀਰਤਨੀ ਜਥਾ ਆਦਿਕ ਸ਼ਾਮਿਲ ਹਨ। ਇਹ ਲਾਜ਼ਮੀ ਹੈ ਨਵੀਨ ਹੱਥ ਲਿਖਤ ਪੋਥੀਆਂ ਦੇ ਲਈ।

ਇਸ ਸੁਧਾਈ ਦਾ ਦਸਤਾਵੇਜ਼ੀ ਸਬੂਤ ਇੱਕ ਪੱਤਰ, ਦਸਤਖਤ ਜਾਂ ਮੋਹਰ ਦੇ ਰੂਪ ਵਿੱਚ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਅਤੇ ਲਿਖਾਰੀਆਂ ਨੂੰ ਆਪਣਾ ਨਾਮ ਅਤੇ ਤਾਰੀਖ ਨੂੰ ਪੋਥੀ ਦੇ ਵਿੱਚ ਲਿਖਣਾ ਚਾਹੀਦਾ ਹੈ।

